# ਭਾਰਤ-ਜ਼ਾਮਬੀਆ ਵਿਦੇਸ਼ ਦਫ਼ਤਰ ਸਲਾਹ-ਮਸ਼ਵਰੇ

25 ਮਈ, 2023

ਭਾਰਤ ਅਤੇ ਜ਼ਾਮਬੀਆ ਦਰਮਿਆਨ ਤੀਜੀ ਵਿਦੇਸ਼ ਦਫ਼ਤਰ ਸਲਾਹ-ਮਸ਼ਵਰੇ (ਐਫ.ਓ.ਸੀ.) 24 ਮਈ 2023 ਨੂੰ ਨਵੀਂ ਦਿੱਲੀ ਵਿੱਚ ਹੋਈ। ਭਾਰਤੀ ਪੱਖ ਦੀ ਅਗਵਾਈ ਸ਼੍ਰੀ ਪੁਨੀਤ ਆਰ. ਕੁੰਡਲ, ਸੰਯੁਕਤ ਸਕੱਤਰ (ਪੂਰਬੀ ਅਤੇ ਦੱਖਣੀ ਅਫਰੀਕਾ) ਨੇ ਕੀਤੀ ਅਤੇ ਜ਼ਾਮਬੀਆ ਪੱਖ ਦੀ ਅਗਵਾਈ ਜ਼ਾਮਬੀਆ ਦੇ ਵਿਦੇਸ਼ ਮਾਮਲਿਆਂ ਅਤੇ ਅੰਤਰਰਾਸ਼ਟਰੀ ਸਹਿਯੋਗ ਮੰਤਰਾਲੇ ਵਿੱਚ ਸਥਾਈ ਸਕੱਤਰ (ਆਈ.ਆਰ.ਸੀ.) ਅੰਬ. ਇਜ਼ਾਬੇਲ ਐੱਮ.ਐੱਮ. ਲਾਂਬਾ ਨੇ ਕੀਤੀ ।

2. ਦੋਵਾਂ ਵਫ਼ਦਾਂ ਨੇ ਐਫ.ਓ.ਸੀ. ਦੌਰਾਨ, ਬਹੁ-ਪੱਖੀ ਦੁਵੱਲੇ ਸਬੰਧਾਂ ਦੀ ਸਮੀਖਿਆ ਕੀਤੀ, ਜਿਸ ਵਿੱਚ ਰਾਜਨੀਤਿਕ ਆਦਾਨ-ਪ੍ਰਦਾਨ, ਵਿਕਾਸ ਸਾਂਝੇਦਾਰੀ ਪ੍ਰੋਜੈਕਟਾਂ, ਰੱਖਿਆ ਸਹਿਯੋਗ, ਵਪਾਰ ਅਤੇ ਆਰਥਿਕ ਮਾਮਲਿਆਂ, ਕੌਂਸਲਰ ਮੁੱਦਿਆਂ ਸਮੇਤ ਖੇਤੀਬਾੜੀ, ਸਿੱਖਿਆ, ਸਿਹਤ, ਖਾਣਾਂ ਖਣਿਜਾਂ ਅਤੇ ਐੱਸ.ਐੱਮ.ਈ. ਆਦਿ ਵਰਗੇ ਖੇਤਰਾਂ ਵਿੱਚ ਸਹਿਯੋਗ ਵਰਗੇ ਮੁੱਦੇ ਸ਼ਾਮਲ ਸਨ। ਉੱਚ-ਪੱਧਰੀ ਦੌਰਿਆਂ ਦੀ ਮਹੱਤਤਾ, ਖਾਸ ਤੌਰ 'ਤੇ ਸੰਯੁਕਤ ਸਥਾਈ ਕਮਿਸ਼ਨ (ਜੇ.ਪੀ.ਸੀ.) ਦੇ ਜਲਦੀ ਸੱਦੇ ਜਾਣ 'ਤੇ ਜ਼ੋਰ ਦਿੱਤਾ ਗਿਆ। ਮੌਜੂਦਾ ਦੁਵੱਲੇ ਸਬੰਧਾਂ 'ਤੇ ਤਸੱਲੀ ਜ਼ਾਹਰ ਕਰਦੇ ਹੋਏ, ਦੋਵੇਂ ਧਿਰਾਂ ਇਸ ਸਬੰਧ ਨੂੰ ਹੋਰ ਮਜ਼ਬੂਤ ਕਰਨ ਲਈ ਵੱਖ-ਵੱਖ ਖੇਤਰਾਂ ਵਿੱਚ ਸਹਿਯੋਗ ਸਬੰਧੀ ਵਿਭਿੰਨਤਾ ਲਿਆਉਣ ਲਈ ਸਹਿਮਤ ਹੋਈਆਂ।

3. ਦੋਵਾਂ ਧਿਰਾਂ ਨੇ ਸੰਯੁਕਤ ਰਾਸ਼ਟਰ ਸੁਰੱਖਿਆ ਪ੍ਰੀਸ਼ਦ ਦੇ ਸੁਧਾਰ, ਪੂਰਬੀ ਅਤੇ ਦੱਖਣੀ ਅਫਰੀਕਾ ਲਈ ਸਾਂਝਾ ਬਾਜ਼ਾਰ (ਸੀ.ਓ.ਐਮ.ਈ.ਐੱਸ.ਏ), ਦੱਖਣੀ ਅਫ਼ਰੀਕੀ ਵਿਕਾਸ ਸਹਿਯੋਗ (ਐੱਸ.ਏ.ਡੀ.ਸੀ.) ਅਤੇ ਅਫ਼ਰੀਕਨ ਮਹਾਂਦੀਪੀ ਮੁਕਤ ਵਪਾਰ ਖੇਤਰ (ਏ.ਐਫ.ਸੀ.ਐਫ.ਟੀ.ਏ.) ਸਮੇਤ ਸੰਯੁਕਤ ਰਾਸ਼ਟਰ ਅਤੇ ਆਪਸੀ ਹਿੱਤਾਂ ਦੇ ਹੋਰ ਬਹੁਪੱਖੀ ਮੁੱਦਿਆਂ 'ਤੇ ਵੀ ਚਰਚਾ ਕੀਤੀ।

4. ਦੋਵੇਂ ਧਿਰਾਂ ਭਾਈਵਾਲੀ ਨੂੰ ਸਰਗਰਮ ਅਤੇ ਆਪਸੀ ਹਿਤਕਾਰੀ ਰੱਖਣ ਲਈ ਉੱਚ ਪੱਧਰੀ ਸਿਆਸੀ ਆਦਾਨ-ਪ੍ਰਦਾਨ ਸਮੇਤ ਸਾਂਝੀਆਂ ਸੰਸਥਾਗਤ ਵਿਧੀਆਂ ਦੀਆਂ ਨਿਯਮਤ ਮੀਟਿੰਗਾਂ ਨੂੰ ਜਾਰੀ ਰੱਖਣ ਲਈ ਸਹਿਮਤ ਹੋਈਆਂ।

5. ਦੋਵੇਂ ਧਿਰਾਂ 2024 ਵਿੱਚ ਲੁਸਾਕਾ ਵਿੱਚ ਆਪਸੀ ਸੁਵਿਧਾਜਨਕ ਤਰੀਕਾਂ 'ਤੇ ਸਲਾਹ-ਮਸ਼ਵਰੇ ਦਾ ਅਗਲਾ ਦੌਰ ਆਯੋਜਿਤ ਕਰਨ ਲਈ ਸਹਿਮਤ ਹੋਈਆਂ।

**ਨਵੀਂ ਦਿੱਲੀ**

**25 ਮਈ, 2023**